ਫ਼ਾਰਮ ਸਰਵਿਸ ਏਜੰਸੀ

ਯੂਨਾਈਟੇਡ ਸਟੇਟ ਖੇਤੀਬਾੜੀ ਵਿਭਾਗ

# 2022 ਕਾਉਂਟੀ ਕਮੇਟੀ ਚੋਣਾਂ

ਕਾਉਂਟੀ ਕਮੇਟੀ ਸਦੱਸ ਵਜੋਂ ਵੋਟ ਪਾਉਣ ਅਤੇ ਅਹੁਦਾ ਸੰਭਾਲਣ ਦੀ ਯੋਗਤਾ



## ਸਾਰ


ਫਾਰਮ ਸਰਿਵਸ ਏਜੰਸੀ (FSA) ਕਾਉਂਟੀ ਕਮੇਟੀਆਂ FSA ਦੇ ਰੋਜ਼ਾਨਾ ਦੇ ਸੰਚਾਲਨ ਦਾ ਇਕੱ ਮਹਤੱਵਪੂਰਣ ਘਟਕ ਹੈ ਅਤੇ ਸੰਘੀ ਫਾਰਮ ਪ੍ਰੋਗਰਾਮਾਂ ਦੇ ਜ਼ਮੀਨੀ ਪਧੱਰ 'ਤੇ ਇਨਪੁਟ ਅਤੇ ਸਥਾਨਕ ਪ੍ਰਸ਼ਾਸਨ ਦੀ ਆਗਿਆ ਦਿੰਦੀਆਂ ਹਨ।

FSA ਕਾਉਂਟੀ ਕਮੇਟੀਆਂ ਵਿੱਚ ਸੇਵਾ ਕਰਨ ਲਈ ਚੁਣੇ ਗਏ ਕਿਸਾਨ ਅਤੇ ਪਸ਼ੂਪਾਲਕ ਸਥਾਨਕ ਉਤਪਾਦਕਾਂ ਦੀਆਂ ਲੋੜਾਂ ਪੂਰੀਆਂ ਕਰਨ ਲਈ ਆਪਣੀ ਕਾਉਂਟੀ ਵਿੱਚ FSA ਦੇ ਪ੍ਰੋਗਰਾਮਾਂ ਦੇ ਪ੍ਰਬੰਧਨ ਲਈ ਲੋੜੀਂਦੇ ਫੈਸਿਲਆਂ ਵਿੱਚ ਮਦਦ ਕਰਨ ਲਈ ਆਪਣੇ ਫੈਸਲੇ ਅਤੇ ਗਿਆਨ ਲਾਗੂ ਕਰਦੇ ਹਨ। FSA ਕਾਉਂਟੀ ਕਮੇਟੀਆਂ ਅਧਿਕਾਰਤ ਸੰਘੀ ਨਿਯਮਾਂ ਦੇ ਅੰਦਰ ਕੰਮ ਕਰਦੀਆਂ ਹਨ ਅਤੇ ਸਥਾਨਕ ਇਨਪੁਟ ਪ੍ਰਦਾਨ ਕਰਦੀਆਂ ਹਨ:

- ਆਮਦਨ ਸੁਰੱਖਿਆ-ਨੋਟ ਕਰਜ਼ੇ ਅਤੇ ਭੁਗਤਾਨ, ਿ ਜਸ ਵਿੱਚ ਵਸਤੂਆਂ ਲਈ ਕਾਉਂਟੀ ਔਸਤ ਪੈਦਾਵਾਰ ਿ ਨਰਧਾਰਿਤ ਕਰਨਾ ਸ਼ਾਮਲ ਹੈ;
- ਸੰਭਾਲ ਪ੍ਰੋਗਰਾਮ;
- ਕੁਝ ਵਸਤੂਆਂ ਲਈ ਪ੍ਰੋਤਸਾਹਨ, ਮੁਆਵਜ਼ਾ ਅਤੇ ਤਬਾਹੀ ਭੁਗਤਾਨ;
- ਐਮਰਜੈਂਸੀ ਪ੍ਰੋਗਰਾਮ; ਅਤੇ
- ਭੁਗਤਾਨ ਯੋਗਤਾ।

U.S. ਖੇਤੀਬਾੜੀ ਵਿਭਾਗ (USDA) ਸਾਰੇ ਯੋਗ ਉਤਪਾਦਕਾਂ ਨੂੰ ਖੇਤੀ ਜਾਂ ਪਸ਼ੂਪਾਲਣ ਦੇ ਕਾਰਜਾਂ ਦੇ ਸੰਚਾਲਨ ਦੇ ਨਾਲ ਵੋਟ ਦੇਣ ਜਾਂ ਕਾਉਂਟੀ ਕਮੇਟੀ ਦੇ ਸਦੱਸ ਵਜੋਂ ਅਹੁਦਾ ਸੰਭਾਲਣ ਲਈ ਉਤਸ਼ਾਹਿਤ ਕਰਦਾ ਹੈ, ਜਿਸ ਵਿੱਚ ਸ਼ੁਰੂਆਤੀ, ਸਥਾਪਿਤ, ਔਰਤਾਂ, ਅਫਰੀਕਨ-ਅਮਰੀਕਨ, ਅਮਰੀਕੀ ਭਾਰਤੀ ਜਾਂ ਅਲਾਸਕਾ ਦੇ ਮੂਲ ਨਿਵਾਸੀ, ਹਿਸਪੈਨਿਕ, ਏਸ਼ੀਅਨ ਅਮਰੀਕਨ ਅਤੇ ਹਵਾਈ ਦੇ ਮੂਲ ਨਿਵਾਸੀ ਜਾਂ ਹੋਰ ਪੈਸੀਫਿਕ ਆਈਲੈਂਡਰ ਉਤਪਾਦਕ ਸ਼ਾਮਲ ਹਨ।


## ਇਹ ਕਿਵੇਂ ਕੰਮ ਕਰਦੀ ਹੈ

### ਵੋਟਰ ਲੜੋਾਂ

ਕੋਈ ਵੀ ਵਿਅਕਤੀ ਜੋ ਨੰਬਰ 1 ਜਾਂ ਨੰਬਰ 2 ਅਤੇ ਨਾਲ ਹੀ ਨੰਬਰ 3 ਦੀਆਂ ਲੋੜਾਂ ਨੂੰ ਪੂਰਾ ਕਰਦਾ ਹੈ, 2022 ਕਾਉਂਟੀ ਕਮੇਟੀ ਚੋਣਾਂ ਵਿੱਚ ਵੋਟ ਪਾਉਣ ਦੇ ਯੋਗ ਹੈ:

1. ਕਾ ਨੂੰਨੀ ਤੌਰ 'ਤੇ ਵੋਟ ਪਾਉਣ ਦੀ ਉਮਰ ਦਾ ਹੋਵੋ ਅਤੇ ਕਿਸੇ ਫਾਰਮ ਜਾਂ ਖੇਤ ਵਿੱਚ ਦਿਲਚਸਪੀ ਰਖੱਦਾ(ਦੀ) ਹੋਵੇ, ਜਿਵੇਂ ਕਿ:
   - ਕੋਈ ਵਿਅਕਤੀ ਜੋ ਹੇਠ ਲਿਖਿਆਂ ਵਿੱਚੋਂ ਇੱਕ ਜਾਂ ਵੱਧ ਨੂੰ ਪੂਰਾ ਕਰਦਾ ਹੋਵੇ:
     - ਆਪਣੇ ਹੱਕ ਵਿੱਚ ਵੋਟ ਪਾਉਣ ਦੇ ਯੋਗ ਅਤੇ ਸਮਰਥੱ ਹੋਵੇ।
     - ਆਮ ਭਾਈਵਾਲੀ ਦਾ ਭਾਈਵਾਲ ਹੋਵੇ।
     - ਸਾਂਝੇ ਉੱਦਮ ਦਾ ਸਦੱਸ ਹੋਵੇ।
   - ਕਿਸੇ ਕਾ ਨੂੰਨੀ ਇਕਾਈ ਦਾ ਅਧਿਕਾਰਤ ਪ੍ਰਤੀਨਿਧੀ ਹੋਵੇ, ਿ ਜਵੇਂ ਕਿ:
     - ਇੱਕ ਕਾਰਪੋਰੇਸ਼ਨ, ਅਸਟੇਟ, ਟਰੱਸਟ, ਸੀਮਿਤ ਭਾਈਵਾਲੀ ਜਾਂ ਹੋਰ ਵਪਾਰਕ ਉੱਦਮ, ਆਮ ਭਾਈਵਾਲੀ ਅਤੇ ਸਾਂਝੇ ਉੱਦਮਾਂ ਨੂੰ ਛੱਡ ਕੇ।
     - ਇੱਕ ਰਾਜ, ਇੱਕ ਰਾਜ ਦਾ ਰਾਜਨੀਤਿਕ ਉਪ-ਵਿਭਾਜਨ ਜਾਂ ਕੋਈ ਰਾਜ ਏਜੰਸੀ।

   ਸਿਰਫ਼ ਮਨੋਨੀਤ ਪ੍ਰਤੀਨਿਧੀ ਹੀ ਇਕਾਈ ਲਈ ਵੋਟ ਪਾ ਸਕਦਾ ਹੈ।

**ਜ**

2. ਕਾ ਨੂੰਨੀ ਵੋਟਿੰਗ ਦੀ ਉਮਰ ਦਾ(ਦੀ) ਨਹੀਂ ਹੈ, ਪਰ ਪੂਰੇ ਫਾਰਮ ਦੇ ਖੇਤੀ ਕਾਰਜਾਂ ਦੀ ਨਿਗਰਾਨੀ ਅਤੇ ਸੰਚਾਲਨ ਕਰਦਾ (ਦੀ) ਹੈ।

**ਅਤੇ**

3. ਕਾ ਨੂੰਨ ਦੁਆਰਾ ਪ੍ਰਦਾਨ ਕੀਤੇ ਗਏ ਕਿਸੇ ਵੀ FSA ਪ੍ਰੋਗਰਾਮ ਵਿੱਚ ਭਾਗ ਲੈਂਦਾ(ਦੀ) ਹੈ ਜਾਂ ਸਿਹਯੋਗ ਕਰਦਾ(ਦੀ) ਹੈ। ਇੱਕ ਸਿਹਯੋਗੀ ਉਤਪਾਦਕ ਉਹ ਵਿਅਕਤੀ ਹੁੰਦਾ ਹੈ ਜਿਸ ਨੇਆਪਣੀ ਖੇਤੀ ਜਾਂ ਪਸ਼ੂ ਪਾਲਣ ਦੇ ਕਾਰਜ(ਜਾਂ) ਬਾਰੇ ਜਾਣਕਾਰੀ ਪ੍ਰਦਾਨ ਕੀਤੀ ਹੋਵੇ ਪਰ ਹੋ ਸਕਦਾ ਹੈ ਕਿ FSA ਪ੍ਰੋਗਰਾਮ ਲਾਭਾਂ ਨੂੰ ਲਾਗੂ ਨਾ ਕੀਤਾ ਹੋਵੇ ਜਾਂ ਪ੍ਰਾਪਤ ਨਾ ਕੀਤਾ ਹੋਵੇ।

*ਧਿਆਨ ਦਿਓ: ਭਾਵ, FSA ਰਿਕਾਰਡਾਂ ਵਿੱਚ ਫਾਰਮ ਜਾਂ ਖੇਤ ਦੇ ਨਾਲ ਕਿਸੇ ਫਾਰਮ ਜਾਂ ਖੇਤ ਦੀ ਮਾਲਕੀ ਜਾਂ ਕਿਰਾਏਦਾਰੀ ਦੇ ਕਨੂੰ ਨੀ ਦਸਤਾਵੇਜ਼ ਹੋਣ।*

### ਵਿਤਕਰੇ ਦੀ ਮਨਾਹੀ ਹੈ

USDA ਨਸਲ, ਰੰਗ, ਰਾਸ਼ਟਰੀ ਮੂਲ, ਉਮਰ, ਅਪਾਹਜਤਾ ਅਤੇ ਜਿੱਥੇ ਲਾਗੂ ਹੋਵੇ, ਲਿੰਗ, ਵਿਆਹੁਤਾ ਸਿਥਤੀ, ਪਿਰਵਾਰਕ ਸਿਥਤੀ, ਮਾਤਾ-ਪਿਤਾ ਦੀ ਸਿਥਤੀ, ਧਰਮ, ਜਿਨਸੀ ਝੁਕਾਅ, ਅਨੂਵੰਸ਼ਕ ਜਾਣਕਾਰੀ, ਰਾਜਨੀਤਿਕ ਵਿਸ਼ਵਾਸਾਂ, ਬਦਲਾ ਲੈਣ ਜਾਂ ਕਿਉਂਕਿ ਕਿਸੇ ਿ ਵਅਕਤੀ ਦੀ ਆਮਦਨ ਦਾ ਸਾਰਾ ਜਾਂ ਕੁਝ ਹਿੱਸਾ ਕਿਸੇ ਜਨਤਕ ਸਹਾਇਤਾ ਪ੍ਰੋਗਰਾਮ ਤੋਂ ਆਉਂਦਾ ਹੈ, ਦੇ ਆਧਾਰ 'ਤੇ ਆਪਣੇ ਸਾਰੇ ਪ੍ਰੋਗਰਾਮਾਂ ਅਤੇ ਗਤੀਵਿਧੀਆਂ ਵਿੱਚ ਵਿਤਕਰੇ ਦੀ ਮਨਾਹੀ ਕਰਦਾ ਹੈ।

### ਭਾਈਚਾਰਕ ਸੰਪਤੀ ਵਾਲੇ ਰਾਜਾਂ ਵਿੱਚ ਜੀਵਨ ਸਾਥੀ ਲਈ ਵੋਟਿੰਗ ਯੋਗਤਾ ਦੀ ਵਿਆਖਿਆ

ਭਾਈਚਾਰਕ ਜਾਇਦਾਦ ਵਾਲੇ ਰਾਜਾਂ ਵਿੱਚ, ਇੱਕ ਯੋਗ ਵੋਟਰ ਦਾ ਜੀਵਨ ਸਾਥੀ ਵੀ ਵੋਟ ਪਾਉਣ ਦੇ ਯੋਗ ਹੁੰਦਾ ਹੈ।

### ਅਮਰੀਕਨ ਭਾਰਤੀ ਕਬਾਇਲੀ ਜ਼ਮੀਨਾਂ

ਖੇਤੀਬਾੜੀ ਜ਼ਮੀਨ ਰਖੱਣ ਵਾਲੇ ਅਮਰੀਕੀ ਭਾਰਤੀ ਕਬੀਲਿਆਂ ਦੇ ਸਦੱਸ FSA ਕਾਉਂਟੀ ਕਮੇਟੀ ਦੀਆਂ ਚੋਣ ਵਿੱਚ ਵੋਟ ਪਾਉਣ ਦੇ ਯੋਗ ਹਨ ਜੇਕਰ ਕਬਾਇਲੀ ਸਦੱਸ ਵੋਟਿੰਗ ਲੋੜਾਂ ਨੂੰ ਪੂਰਾ ਕਰਦਾ ਹੈ। FSA ਕਾਉਂਟੀ ਕਮੇਟੀ ਚੋਣਾਂ ਦੇ ਉਦੇਸ਼ਾਂ ਲਈ, ਅਮਰੀਕੀ ਭਾਰਤੀ ਕਬੀਲੇ ਦੇ ਹਰੇਕ ਸਦੱਸ ਨੂੰ ਤਦੋਂ ਖੇਤੀਬਾੜੀ ਜ਼ਮੀਨ ਦਾ ਮਾਲਕ ਮੰਨਿਆ ਜਾਂਦਾ ਹੈ ਜੇਕਰ ਉਹ ਜ਼ਮੀਨ ਜਿਸ 'ਤੇ ਕਬੀਲੇ ਦਾ ਸਦੱਸ ਦੀ ਵੋਟਿੰਗ ਯੋਗਤਾ ਆਧਾਰਿਤ ਹੈ, ਕਬੀਲੇ ਲਈ ਸੰਯੁਕਤ ਰਾਜ ਦੁਆਰਾ ਕਬੀਲੇ ਦੀ ਮਲਕੀਅਤ ਹੈ ਜਾਂ ਭਰੋਸੇ (ਟਰੱਸਟ) ਵਿੱਚ ਰਖੀ ਗਈ ਹੈ, ਭਾਵੇਂ ਵਿਅਕਤੀ ਨਿੱਜੀ ਤੌਰ 'ਤੇ ਉਸ ਜ਼ਮੀਨ 'ਤੇ ਫ਼ਸਲ ਨਾ ਵੀ ਪੈਦਾ ਕਰਦਾ ਹੋਵੇ।



## ਵੋਟ ਪਾਉਣ ਲਈ ਕਣੌ ਯੋਗ ਹੈ?

### ਸਥਾਨਕ ਪ੍ਰਸ਼ਾਸਕੀ ਖੇਤਰ

ਇੱਕ FSA ਕਾਉਂਟੀ ਕਮੇਟੀ ਦੁਆਰਾ ਸੇਵਾ ਕੀਤੀ ਗਈ ਇੱਕ ਕਾਉਂਟੀ ਜਾਂ ਬਹੁ-ਕਾਉਂਟੀ ਅਧਿਕਾਰ ਖੇਤਰ ਨੂੰ ਤਿੰਨ ਤੋਂ 11 ਸਥਾਨਕ ਪ੍ਰਸ਼ਾਸਕੀ ਖੇਤਰਾਂ (LAA) ਵਿੱਚ ਵੰਡਿਆ ਗਿਆ ਹੈ। FSA ਕਾਉਂਟੀ ਕਮੇਟੀ ਵਿੱਚ ਹਰੇਕ LAA ਦੀ ਪ੍ਰਤੀਨਿਧਤਾ ਇੱਕ ਸਦੱਸ ਦੁਆਰਾ ਕੀਤੀ ਜਾਂਦੀ ਹੈ। ਇੱਕ f ਵਅਕਤੀ ਸਿਰਫ਼ ਇੱਕ LAA (LAA ਜਿਸ ਵਿੱਚ ਉਹ FSA ਪ੍ਰੋਗਰਾਮਾਂ ਜਾਂ FSA ਦੁਆਰਾ ਸੰਚਾਲਿਤ ਪ੍ਰੋਗਰਾਮਾਂ ਵਿੱਚ ਹਿੱਸਾ ਲੈਂਦਾ(ਦੀ) ਹੈ ਜਾਂ ਸਿਹਯੋਗ ਦਿੰਦਾ(ਦੀ) ਹੈ) ਵਿੱਚ ਵੋਟ ਪਾ ਸਕਦਾ ਹੈ।

### ਇਕੌ ਕਾਉਂਟੀ ਜਾਂ ਖੇਤਰ ਵਿੱਚ ਇੱਕ ਤੋਂ ਵੱਧ ਫਾਰਮ f ਦਲਚਸਪੀਆਂ

ਯੋਗ ਵੋਟਰ ਜੋ ਇਕੌ ਕਾਉਂਟੀ ਜਾਂ ਬਹੁ-ਕਾਉਂਟੀ ਅਧਿਕਾਰ ਖੇਤਰ ਵਿੱਚ ਇੱਕ ਤੋਂ ਵੱਧ LAA ਵਿੱਚ ਵੱਖਰੇ ਫਾਰਮਾਂ ਵਿੱਚ FSA ਪ੍ਰੋਗਰਾਮਾਂ ਵਿੱਚ ਹਿੱਸਾ ਲੈਂਦੇ ਹਨ ਜਾਂ ਸਿਹਯੋਗ ਦਿੰਦੇ ਹਨ, ਸਿਰਫ਼ ਇੱਕ ਵੋਟ ਪਾ ਸਕਦੇ ਹਨ। ਅਜਿਹੇ ਵੋਟਰਾਂ ਨੂੰ ਸਿਰਫ਼ ਇੱਕ LAA ਚੁਣਨਾ ਚਾਹੀਦਾ ਹੈ ਜਿਸ ਵਿੱਚ ਉਹ ਆਪਣੀ ਵੋਟ ਪਾਉਣਾ ਚਾਹੁੰਦੇ ਹਨ।

### ਬਹੁ-ਕਾਉਂਟੀ ਅਧਿਕਾਰ ਖੇਤਰ

ਇੱਕ ਤੋਂ ਵੱਧ ਕਾਉਂਟੀ ਜਾਂ ਇੱਕ ਤੋਂ ਵੱਧ FSA ਕਾਉਂਟੀ ਕਮੇਟੀ ਦੇ ਅਧਿਕਾਰ ਖੇਤਰ ਵਿੱਚ (ਜਿਸ ਵਿੱਚ ਇੱਕ ਤੋਂ ਵੱਧ ਕਾਉਂਟੀ ਸ਼ਾਮਲ ਹੋ ਸਕਦੀ ਹੈ) ਵਿੱਚ ਵੱਖ-ਵੱਖ ਖੇਤੀਬਾੜੀ ਹਿੱਤਾਂ ਵਾਲੇ ਯੋਗ ਵੋਟਰ ਹਰੇਕ ਅਧਿਕਾਰ ਖੇਤਰ ਦੀ ਕਮੇਟੀ ਲਈ ਕਰਵਾਏ ਗਏ ਹਰੇਕ ਚੋਣ ਵਿੱਚ ਵੋਟ ਪਾਉਣ ਦੇ ਯੋਗ ਹਨ। ਵੋਟਿੰਗ ਇੱਕ LAA ਤੱਕ ਸੀਮਿਤ ਹੈ ਜਿਸ ਵਿੱਚ ਹਰੇਕ FSA ਕਾਉਂਟੀ ਕਮੇਟੀ ਦੇ ਅਧਿਕਾਰ ਖੇਤਰ ਵਿੱਚ ਖੇਤੀ ਹਿੱਤ ਸਿਥਤ ਹਨ। ਹਰੇਕ ਕਾਉਂਟੀ ਜਾਂ ਬਹੁ-ਕਾਉਂਟੀ ਅਧਿਕਾਰ ਖੇਤਰ ਵਿੱਚ ਸਿਰਫ਼ ਇੱਕ ਵੋਟ ਪਾਈ ਜਾ ਸਕਦੀ ਹੈ।

## ਅਹੁਦ ਸੰਭਾਲਣ ਲਈ ਯੋਗ ਕਣੌ ਹੈ?

FSA ਕਾਉਂਟੀ ਕਮੇਟੀ ਦੇ ਸਦੱਸ ਵਜੋਂ ਅਹੁਦਾ ਸੰਭਾਲਣ ਲਈ, ਕਿਸੇ f ਵਅਕਤੀ ਨੂੰ ਹੇਠਾਂ ਵਰਣਨ ਕੀਤੀਆਂ ਬੁਨਿਆਦੀ ਯੋਗਤਾ ਲੋੜਾਂ ਵਿੱਚੋਂ ਹਰੇਕ ਨੂੰ ਪੂਰਾ ਕਰਨਾ ਚਾਹੀਦਾ ਹੈ:

1. FSA ਕਾਉਂਟੀ ਕਮੇਟੀ ਦੀਆਂ ਚੋਣਾਂ ਵਿੱਚ ਵੋਟ ਪਾਉਣ ਦੇ ਯੋਗ ਹੋਵੇ।
2. LAA ਵਿੱਚ ਰਿਹੰਦਾ ਹੋਵੇ ਜੋ ਚੋਣਾਂ ਕਰਵਾਉਣ ਲਈ ਤਿਆਰ ਹੈ।
3. ਵਅਕਤੀ ਨੂੰ ਹੇਠ ਲਿਿਖਆ ਨਹੀਂ ਹੋਣਾ ਚਾਹੀਦਾ:
   - ਹੇਠ ਲਿਖੇ ਤੋਂ ਹਟਾਇਆ ਜਾਂ ਅਯੋਗ ਠਿਹਰਾਇਆ ਗਿਆ:
     - FSA ਕਾਉਂਟੀ ਕਮੇਟੀ ਸਦੱਸਤਾ ਜਾਂ ਵਿਕਲਪਕ ਸਦੱਸਤਾ ਤੋਂ ਜਾਂ
     - FSA ਰੁਜ਼ਗਾਰ ਤੋਂ।
   - ਕਿਸੇ ਵੀ ਜਨਤਕ ਦਫਤਰ ਤੋਂ ਕਿਸੇ ਕਾਰਨ ਕਰਕੇ ਹਟਾਇਆ f ਗਆ ਹੈ ਜਾਂ ਧੋਖਾਧੜੀ, ਚੋਰੀ, ਗਬਨ ਜਾਂ ਕਿਸੇ ਹੋਰ ਅਪਰਾਧ ਲਈ ਦੋਸ਼ੀ ਠਿਹਰਾਇਆ ਗਿਆ ਹੈ।
   - ਹਿਥਆਰਬੰਦ ਸੇਵਾਵਾਂ ਦੀ ਕਿਸੇ ਵੀ ਸ਼ਾਖਾ ਤੋਂ ਅਪਮਾਨਜਨਕ ਤੌਰ 'ਤੇ ਨਿਕਾਲਿਆ ਗਿਆ ਹੈ।

***ਧਿਆਨ ਦਿਓ**: ਕੁਝ ਖਾਸ ਮਾਮਿਲਆਂ ਵਿੱਚ, ਇਸ ਲੋੜਨੂੰ ਮੁਆਫ ਕੀਤਾ ਜਾ ਸਕਦਾ ਹੈ। ਸਥਾਨਕ FSA ਦਫਤਰ ਤੋਂ ਪਤਾ ਲਗਾਓ।*

FSA ਕਾਉਂਟੀ ਕਮੇਟੀ ਚੋਣਾਂ ਵਿੱਚ ਵੋਟ ਪਾਉਣ ਦੀ ਆਪਣੀ ਯੋਗਤਾ ਬਾਰੇ ਅਨਿਸ਼ਚਿਤਤਾ ਵਾਲੇ ਲੋਕਾਂ ਨੂੰ ਆਪਣੇ ਸਥਾਨਕ FSA ਦਫ਼ਤਰ ਨਾਲ ਸੰਪਰਕ ਕਰਨਾ ਚਾਹੀਦਾ ਹੈ। ਚੋਣ ਵਿੱਚ ਵੋਟ ਦੀ ਗਿਣਤੀ ਕਰਨ ਲਈ ਵੋਟ ਪਾਉਣ ਦੀ ਯੋਗਤਾ ਦੀ ਪੁਸ਼ਟੀ ਕ੍ਰਮ ਵਿੱਚ ਨਿਰਧਾਰਤ ਕੀਤੀ ਜਾਣੀ ਚਾਹੀਦੀ ਹੈ।

ਚੋਣ ਦੀ ਮਿਆਦ ਦੇ ਦੌਰਾਨ, ਡਾਕ ਰਾਹੀਂ ਬੈਲਟ ਪ੍ਰਾਪਤ ਨਾ ਕਰਨ ਵਾਲੇ f ਵਅਕਤੀ ਸਿਧੇ ਆਪਣੇ FSA ਕਾਉਂਟੀ ਦਫਤਰ ਤੋਂ ਇੱਕ ਬੈਲਟ ਪ੍ਰਾਪਤ ਕਰ ਸਕਦੇ ਹਨ। ਮਤਦਾਨ ਚੋਣ ਦੀ ਅਖੀਰਲੀ ਤਾਰੀਖ 'ਤੇ ਜਾਂ ਇਸ ਤੋਂ ਪਿਹਲਾਂ ਕੀਤਾ ਜਾਣਾ ਚਾਹੀਦਾ ਹੈ।

## ਹੋਰ ਜਾਣਕਾਰੀ

FSA ਕਾਉਂਟੀ ਕਮੇਟੀਆਂ ਬਾਰੇ ਹੋਰ ਜਾਣਕਾਰੀ ਲਈ fsa.usda.gov/elections 'ਤੇ ਜਾਓ ਜਾਂ ਆਪਣੇ ਸਥਾਨਕ USDA ਸੇਵਾ ਕੇਂਦਰ 'ਤੇ ਜਾਓ। ਆਪਣੇ ਸਥਾਨਕ FSA ਦਫਤਰ ਦਾ ਪਤਾ ਲਗਾਉਣ ਲਈ farmers.gov'ਤੇ ਜਾਓ।

**15 ਜੂਨ 2022**
ਨਾਮਜ਼ਦਗੀ ਦੀ ਮਿਆਦ ਦੀ ਸ਼ੁਰੂਆਤ। ਫਾਰਮ **fsa.usda.gov/elections** ਤੇ ਉਪਲਬੱਧ ਹਨ।

**1 ਅਗਸਤ 2022**
ਸਥਾਨਕ FSA ਕਾਉਂਟੀ ਦਫਤਰ ਵਿੱਚ ਨਾਮਜ਼ਦਗੀ ਫਾਰਮ ਫਾਈਲ ਕਰਨ ਦਾ ਆਖਰੀ ਦਿਨ।

**7 ਨਵੰਬਰ 2022**
ਯੋਗ ਵੋਟਰਾਂ ਨੂੰ ਬੈਲਟ ਡਾਕ ਰਾਹੀਂ ਭੇਜੇ ਗਏ।

**5 ਦਸੰਬਰ 2022**
ਵੋਟ ਕੀਤੇ ਬੈਲਟ ਸਥਾਨਕ FSA ਕਾਉਂਟੀ ਦਫ਼ਤਰ ਨੂੰ ਵਾਪਸ ਕਰਨ ਦਾ ਆਖ਼ਰੀ ਦਿਨ।

**1 ਜਨਵਰੀ 2023**
ਨਵੀਂ ਚੁਣੀ ਗਈ ਕਾਉਂਟੀ ਕਮੇਟੀ ਦੇ ਸਦੱਸ ਅਹੁਦਾ ਸੰਭਾਲਦੇ ਹਨ।



*USDA ਬਰਾਬਰ ਦਾ ਮੌਕਾ ਪ੍ਰਦਾਨ ਕਰਨ ਵਾਲਾ ਪ੍ਰਦਾਤਾ, ਰੁਜ਼ਗਾਰਦਾਤਾ ਅਤੇ ਰਿਣਦਾਤਾ ਹੈ।*